# ਲੋਕਧਾਰਾ, ਪੰਜਾਬੀ ਵਿਰਸਾ ਅਤੇ ਸਮਕਾਲੀਨ ਵੰਗਾਰਾਂ

**ਡਾ. ਰਵਿੰਦਰ ਸਿੰਘ,**

**ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ**

**ਦਿਆਲ ਸਿੰਘ ਕਾਲਜ, ਨਵੀਂ ਦਿੱਲੀ।**

**ਲੋ**ਕਧਾਰਾ ਮਾਨਵੀ ਸਭਿਆਚਾਰ ਅਤੇ ਇਤਿਹਾਸ ਦਾ ਇੱਕ ਅਜਿਹਾ ਵਰਤਾਰਾ ਹੈ ਜਿਸਨੇ ਭਾਸ਼ਾਈ ਅਤੇ ਗ਼ੈਰ-ਭਾਸ਼ਾਈ ਮਾਧਿਅਮਾਂ ਰਾਹੀਂ ਸਮਾਜ-ਸਭਿਆਚਾਰ ਨੂੰ ਆਤਮ-ਪਛਾਣ ਦੇ ਉਹ ਆਧਾਰ ਪ੍ਰਦਾਨ ਕੀਤੇ ਹਨ ਜਿਨਾਂ ਦੇ ਮਾਧਿਅਮ ਰਾਹੀਂ ਨਵੀਆਂ ਤਬਦੀਲੀਆਂ ਜਨਮ ਲੈਂਦੀਆਂ ਹਨ। ਲੋਕਧਾਰਾ ਇੱਕ ਅਜਿਹਾ ਜੀਉਂਦਾ ਜਾਗਦਾ ਦਸਤਾਵੇਜ਼ ਹੈ ਜਿਸ ਰਾਹੀਂ ਅਸੀਂ ਆਪਣੇ ਬੀਤੇ ਦਾ ਅਧਿਐਨ ਵੀ ਕਰ ਸਕਦੇ ਹਾਂ ਅਤੇ ਨਾਲ ਹੀ ਵਰਤਮਾਨ ਬਾਰੇ ਸਾਰਥਕ ਸੂਝ ਵੀ ਪੈਦਾ ਕਰ ਸਕਦੇ ਹਾਂ। ਕਿਸੇ ਵੀ ਵਿਸ਼ੇਸ਼ ਕਿਸਮ ਦੀ ਪਰਿਭਾਸ਼ਾਂ ਤੋਂ ਮੁਕਤ, ਲੋਕਧਾਰਾ ਦਾ ਅਮਲ, ਨਿਰੋਲ ਮਨੁੱਖੀ ਬਿਬੇਕ ਅਤੇ ਸਹਿਜ-ਚਿੰਤਨ ਦੀਆਂ ਗਹਿਰਾਈਆਂ ਵਿਚੋਂ ਨਿਕਲਦਾ ਹੋਇਆ ਯਥਾਰਥ ਵਿਚ ਆਕਾਰ ਗ੍ਰਹਿਣ ਕਰਦਾ ਹੈ। ਇਸੇ ਲਈ ਇਹ ਸਦੀਆਂ ਤੋਂ ਨਿਰੰਤਰ ਸਾਡੀਆਂ ਸਿਮਰਤੀਆਂ ਵਿੱਚ ਵਸਿਆ ਹੋਇਆ, ਸਹਿਜ-ਸਿਆਣਪਾਂ ਨੂੰ ਹੰਢਾਉਂਦਾ-ਬਦਲਦਾ ਅੱਗੇ ਤੋਂ ਅੱਗੇ ਤੋਰਦਾ ਰਹਿੰਦਾ ਹੈ। ਇਸਦੀ ਵਿਆਪਕਤਾ ਬਾਰੇ ਪੱਛਮ ਦੇ ਇੱਕ ਵਿਦਵਾਨ ਰਾਲਫ ਸਟੀਲ ਬੋਗਸ-Ralph Steele Boggs-ਨੇ ਲਿਖਿਆ ਹੈ:

> Folklore refers to a body of materials, to the science which studies these materials, and to the art which applies these materials and scientific conclusions about them to practical end. ...As a body of materials, folklore is the lore, erudition, knowledge, or teachings, of a folk, large social unit, kindred group, tribe, race, or nation, primitive or civilized, throughout its history. It is the whole body of traditional culture, or conventional modes of human thought and action.[1]

ਭਾਵੇਂ ਅੱਜ ਦੇ ਅਤਿ-ਵਿਕਸਤ ਯੁੱਗ ਵਿਚ ਮਾਨਵੀ-ਸਭਿਅਤਾ ਨੇ ਆਪਣੀ ਪਛਾਣ ਨੂੰ ਪਰਿਭਾਸ਼ਤ ਕਰਨ ਦੇ ਹੋਰ ਕਈ ਵਸੀਲੇ ਵਿਕਸਤ ਕਰ ਲਏ ਨੇ ਪਰ ਜਿਸ ਪੱਧਰ 'ਤੇ ਆਮ ਲੋਕਾਂ ਦੀ ਸਾਮੂਹਿਕ ਮਾਨਸਿਕਤਾ ਆਪਣਾ ਪ੍ਰਤੀ-

ਉੱਤਰ ਅਤੇ ਪ੍ਰਗਟਾਵਾ ਪੇਸ਼ ਕਰਦੀ ਹੈ ਉਹ ਅਮਲ ਲੋਕ-ਪੱਧਰ 'ਤੇ ਹੀ ਵਧੇਰੇ ਪ੍ਰਮਾਣਿਕਤਾ ਨਾਲ ਵਿਕਸਤ ਹੁੰਦਾ ਹੈ। ਸੁਚੇਤ ਪੱਧਰ 'ਤੇ ਵੰਨ-ਸੁਵੰਨੇ ਪ੍ਰਭਾਵ ਮਨੁੱਖੀ ਪਛਾਣ ਨੂੰ ਅਸੁਭਾਵਿਕ ਢੰਗ ਨਾਲ ਅਸਰ-ਅੰਦਾਜ਼ ਕਰ ਸਕਦੇ ਹਨ ਪਰ ਲੰਮੇ-ਸਮੇਂ ਤੱਕ ਅਸਰ ਰੱਖਣ ਵਾਲੇ ਪਛਾਣ ਦੇ ਤੱਤ ਲੋਕਧਾਰਾ ਵਿਚੋਂ ਹੀ ਵਿਕਸਤ ਹੁੰਦੇ ਹਨ ਤੇ ਆਪਣਾ ਸਰੂਪ ਘੱੜਦੇ ਹਨ। ਪੰਜਾਬੀ ਦੇ ਵਿਦਵਾਨ ਲੋਕਧਾਰਾ-ਸ਼ਾਸਤਰੀ ਸੋਹਿੰਦਰ ਸਿੰਘ ਬੇਦੀ ਨੇ ਲੋਕਧਾਰਾ ਬਾਬਤ ਬਹੁਤ ਗਹਿਰਾਈ ਨਾਲ ਅਤੇ ਨਿੱਠਕੇ ਕੰਮ ਕੀਤਾ ਹੈ ਤੇ ਲੋਕਧਾਰਾ ਦੀ ਪਰਿਭਾਸ਼ਾ ਬਾਰੇ ਉਨ੍ਹਾਂ ਦੇ ਵਿਚਾਰ ਬਹੁਤ ਮਹੱਤਵਪੂਰਣ ਹਨ। ਉਨ੍ਹਾਂ ਦਾ ਕਥਨ ਹੈ:

> ਲੋਕਧਾਰਾ ਨਿਰੀ ਪਰੰਪਰਾ ਨਹੀਂ, ਜੀਵਨ ਦੀ ਕਿਰਿਆਸ਼ੀਲ ਸ਼ਕਤੀ ਹੋਣ ਦੇ ਨਾਤੇ, ਇਸ ਨੇ ਇਕ ਜੀਵੰਤ ਸੰਸਥਾ ਦਾ ਰੂਪ ਧਾਰਨ ਕੀਤਾ ਹੋਇਆ ਹੈ। ਇਹ ਜੀਵਨ ਦੀ ਬੁਨਿਆਦੀ ਰੂੜ੍ਹੀ ਹੈ ਜਿਸ ਵਿਚੋਂ ਹਰ ਵੰਨ ਦੀ ਵਸਤੂ, ਸੋਚ ਤੇ ਸ਼ਿਲਪ ਜਨਮ ਲੈਂਦਾ ਹੈ। ਇਹ ਇਕ ਗਤੀ ਹੈ; ਵਗਦਾ ਪ੍ਰਵਾਹ, ਜੋ ਜੀਵਨ ਨੂੰ ਕਿਧਰੇ ਰੁੱਕਕੇ ਖਲੋਣ ਨਹੀਂ ਦੇਂਦਾ। ਲੋਕਧਾਰਾ ਗਤੀਸ਼ੀਲ ਸੰਸਥਾ ਹੈ ਜੋ ਸਦਾ ਵੇਗ ਵਿਚ ਰਹਿੰਦੀ ਹੈ।...ਲੋਕਧਾਰਾ ਵਿਚ ਮਨੁੱਖ ਦੀ ਸਾਰੀ ਸੋਚ, ਕਲਾ, ਸਾਹਿਤ ਤੇ ਦਰਸ਼ਨ ਆਦਿ ਦੀਆਂ ਰੂੜ੍ਹੀਆਂ ਸਮਾਈਆਂ ਹੋਈਆਂ ਹਨ।[2]

ਲੋਕਧਾਰਾ ਦਾ ਇਹ ਕਿਰਿਆਸ਼ੀਲ ਅਮਲ ਸਦੀਆਂ ਤੋਂ ਹੀ ਮਾਨਵ-ਜੀਵਨ ਦੀ ਪਛਾਣ ਨੂੰ ਘੜਦਾ ਰਿਹਾ ਹੈ ਤੇ ਸਮੇਂ-ਸਮੇਂ ਭੂਗੋਲਿਕ, ਰਾਜਨੀਤਕ, ਆਰਥਿਕ ਜਾਂ ਹੋਰਨਾਂ ਸਮਾਜਿਕ ਪ੍ਰਭਾਵਾਂ ਨੂੰ ਵਿਸ਼ੇਸ਼ ਸਮੇਂ-ਸਥਾਨ ਵਿਚ ਵਿਸ਼ੇਸ਼ ਗੁਣਾਂ ਨਾਲ ਵਖਰਾਉਂਦਾ ਵੀ ਗਿਆ ਹੈ। ਇਸੇ ਸੰਦਰਭ ਵਿਚ ਸੋਹਿੰਦਰ ਸਿੰਘ ਬੇਦੀ ਵਲੋਂ ਦਿੱਤੀ ਗਈ ਇਕ ਮਿਸਾਲ ਬਹੁਤ ਢੁੱਕਵੀਂ ਤਰ੍ਹਾਂ ਇਸ ਗੱਲ ਨੂੰ ਹੋਰ ਸਪਸ਼ਟ ਕਰਦੀ ਹੈ:

> ਲੋਕਧਾਰਾ ਜਾਤੀ ਦੀ ਪ੍ਰਤਿਭਾ ਨੂੰ ਪਛਾਣ ਬਖ਼ਸ਼ਦੀ ਹੈ। ਮੁਸਲਮਾਨ ਮੂੰਹ ਹੱਥ ਧੋਣ ਲੱਗਿਆਂ ਬਾਹਾਂ ਨੂੰ ਉੱਚਾ ਕਰਕੇ ਹੱਥਾਂ ਵਲੋਂ ਕੂਹਣੀ ਵਲ ਪਾਣੀ ਪਾਉਂਦੇ ਹਨ, ਪਰ ਹਿੰਦੂ ਬਾਹਾਂ ਨੂੰ ਨੀਵਾਂ ਕਰਕੇ ਕੂਹਣੀ ਵਲੋਂ ਹੱਥਾਂ ਵਲ ਪਾਣੀ ਪਾਵੇਗਾ। ਮੁਸਲਮਾਨਾਂ ਦੇ ਸਲਾਮ ਤੇ ਹਿੰਦੂਆਂ ਦੇ ਨਮਸਕਾਰ ਵਿਚ ਅੰਤਰ ਹੈ।...ਇਹ ਅੰਤਰ ਧਾਰਮਿਕ ਨਹੀਂ ਲੋਕਧਾਰਾਈ ਹੈ—ਸੈਮਿਟਕ ਲੋਕਧਾਰਾ ਤੇ ਸੰਸਕ੍ਰਿਤੀ ਦਾ ਆਰਿਆਈ ਲੋਕਧਾਰਾ ਤੇ ਸੰਸਕ੍ਰਿਤੀ ਨਾਲ।[3]

ਇਸ ਸੰਦਰਭ ਵਿਚ ਲੋਕਧਾਰਾ ਦੀ ਵਿਸ਼ੇਸ਼ਤਾ ਇਹ ਬਣਦੀ ਹੈ ਕਿ ਇਹ ਵਰਤਾਰਾ ਮਾਨਵੀ ਇਤਿਹਾਸ ਦੇ ਬਹੁਤ ਹੀ ਸੰਘਣੇ ਅਤੇ ਗੁੰਝਲਦਾਰ ਪ੍ਰਤਿਕਰਮਾਂ ਅਤੇ ਪ੍ਰਗਟਾਵਿਆਂ ਨੂੰ ਬਹੁਤ ਹੀ ਸਰਲ ਅਤੇ ਮੁਕਤ ਮੁਹਾਵਰੇ ਵਿਚ ਸਾਂਭ ਲੈਂਦਾ ਹੈ। ਇਸਦੀਆਂ ਸਰਲ ਅਤੇ ਪਰਿਵਰਤਨਸ਼ੀਲ ਭਾਸ਼ਾਈ ਪਰਤਾਂ ਹੇਠ ਦੱਬੇ ਪਏ ਅਰਥਾਂ ਦੀਆਂ ਤੈਹਾਂ ਨੂੰ ਖੋਲ੍ਹਣ ਲਈ ਬੇਹੱਦ ਸੂਖ਼ਮ ਅਤੇ ਸ਼ਕਤੀਸ਼ਾਲੀ ਅੰਤਰ-ਅਨੁਸ਼ਾਸਨੀ ਸਾਧਨਾਂ ਦੀ ਜ਼ਰੂਰਤ ਪੈਂਦੀ ਹੈ। ਜੀਵਨ ਦੇ ਹਰ ਪੱਖ ਦੀ ਸਿਆਣਪ ਅਤੇ ਉਸਦੀ ਬਣਤਰ ਦਾ ਅਮਲ ਲੋਕਧਾਰਾ ਅੰਦਰ ਹੀ ਪਿਆ ਹੁੰਦਾ ਹੈ। ਇਕੋ ਵੇਲੇ ਇਹ ਗਿਆਨ ਦੇ ਵੱਖ-ਵੱਖ ਅਨੁਸ਼ਾਸਨਾਂ ਨਾਲ ਸੰਵਾਦ ਕਰ ਰਿਹਾ ਹੁੰਦਾ ਹੈ; ਨਾਲ ਹੀ ਉਸ ਵਿਚੋਂ ਇੱਕ ਸੁਭਾਵਿਕ ਅਤੇ ਸਾਮੂਹਿਕ ਹੁੰਗਾਰਾ ਤਿਆਰ ਕਰ ਰਿਹਾ ਹੁੰਦਾ ਹੈ। ਲੋਕਧਾਰਾ ਦੇ ਅਜਿਹੇ ਸਰਲ ਪਰ ਗੁੰਦਵੇਂ ਸੁਭਾ ਕਾਰਣ ਹੀ ਇਸਦਾ ਅਧਿਐਨ ਸਾਨੂੰ ਕਿਸੇ ਵਿਸ਼ੇਸ਼ ਸਮਾਜ-ਸਭਿਆਚਾਰ ਦੀ ਇਤਿਹਾਸਕਤਾ ਦੀ ਪਛਾਣ ਵੀ ਕਰਵਾ ਸਕਦਾ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਆਪਣੇ ਲਫ਼ਜ਼ਾਂ ਵਿਚ 'ਫੋਕਲੋਰ ਕਿਸੇ ਕੌਮ ਦਾ ਆਤਮਿਕ ਇਤਿਹਾਸ ਹੁੰਦਾ ਹੈ।'[4] ਇਸ ਕਥਨ ਦੇ ਅਰਥ ਬਹੁਤ ਵਿਆਪਕ ਹਨ, ਕਿਉਂਕਿ ਇਤਿਹਾਸ ਮਾਨਵ ਜੀਵਨ ਦੇ ਵੱਖੋ-ਵੱਖਰੇ ਪੱਖਾਂ ਨੂੰ ਦਰਜ ਕਰਦਾ ਹੈ ਇਸੇ ਤਰ੍ਹਾਂ ਲੋਕਧਾਰਾ ਨੇ ਵੀ ਸਦੀਆਂ ਦੇ ਜੀਵਨ-ਅਨੁਭਵ ਨੂੰ ਆਪਣੀ ਵਿਸ਼ੇਸ਼ ਭਾਸ਼ਾ ਅਤੇ ਮੁਹਾਵਰੇ ਵਿਚ ਢਾਲਕੇ ਸੰਭਾਲਿਆ ਹੋਇਆ ਹੈ। ਲੋਕਧਾਰਾ ਦੀ ਨਿਰੰਤਰਤਾ ਅਤੇ ਇਸਦੀ ਪੁਰਾਤਨਤਾ ਆਮ ਲੋਕਾਂ ਦੀ ਮਿਸਰਤੀਆਂ ਰਾਹੀਂ ਹਰ ਸਮੇਂ-ਸਥਾਨ ਦੇ ਜੀਵਨ ਵਿਹਾਰ ਨੂੰ ਪ੍ਰਭਾਵਿਤ ਕਰਦੀ ਹੈ। ਇਸਦਾ ਪ੍ਰਭਾਵ ਜਦ ਸਮਾਜ ਦੇ ਕਿਸੇ ਵੱਡੇ ਵਰਗ ਦਾ ਮੁੱਖ ਪ੍ਰਗਟਾਵਾ ਬਣ ਜਾਂਦਾ ਹੈ ਤਾਂ ਇਹੋ ਉਸਦੇ ਸਭਿਆਚਾਰ ਦੀ ਪਛਾਣ ਵੀ ਬਣ ਜਾਂਦਾ ਹੈ।

ਲੋਕਧਾਰਾ ਆਪਣੇ ਆਪ ਵਿਚ ਇੱਕ ਸਮਰਥ ਸੰਚਾਰ-ਮਾਧਿਅਮ ਵੀ ਹੈ। ਜਿਨਾਂ ਲੋਕ-ਤੱਤਾਂ ਨੂੰ ਇਹ ਮਾਧਿਅਮ ਪੇਸ਼ ਕਰ ਰਿਹਾ ਹੁੰਦਾ ਹੈ ਉਨਾਂ ਰਾਹੀਂ ਇਹ ਸੰਚਾਰਿਤ ਵੀ ਹੋ ਰਿਹਾ ਹੁੰਦਾ ਹੈ। ਇਸ ਲਈ ਲੋਕਧਾਰਾ ਨੂੰ ਪਰੰਪਰਾ ਵਜੋਂ ਜਾਂ ਇੱਕ ਕਾਲ-ਖੰਡ ਤੋਂ ਦੂਜੇ ਵਿਚ ਸੰਚਾਰਿਤ ਕਰਨ ਲਈ ਜੋ ਸਾਧਨ ਲੋੜੀਂਦੇ ਹਨ ਉਸਦਾ ਮਾਧਿਅਮ ਵੀ ਲੋਕਧਾਰਾ ਹੀ ਹੈ। ਜਿਵੇਂ ਕਿ ਸ਼ਿਆਮ ਪਰਮਾਰ ਲੋਕ ਸੰਚਾਰ-ਮਾਧਿਅਮਾਂ ਬਾਰੇ ਕਹਿੰਦਾ ਹੈ:

> Traditional folk media are tools of a special nature. Their special nature is attributed to the fact that they have no grammer or literature, yet they are nurtured through oral and functional sources. Traditional folk media

provide channels for expressing socio-ritual, moral and emotional needs of a society or societies to which they especially belong.[5]

ਇਸ ਟਿੱਪਣੀ ਤੋਂ ਇੱਕ ਗੱਲ ਸਪਸ਼ਟ ਹੈ ਕਿ ਲੋਕਧਾਰਾ ਵਿਚ ਸ਼ਾਮਲ ਤੱਤ ਇਸਦੇ ਸੰਚਾਰ ਦੇ ਮਾਧਿਅਮ ਵੀ ਹਨ ਤੇ ਅਜੋਕੇ ਸਮੇਂ ਵਿਚ ਵੀ ਸਮਾਜ-ਸਭਿਆਚਾਰ ਦੇ ਸੁਭਾਵਿਕ ਵਹਾ ਨੂੰ ਜਾਰੀ ਰੱਖਣ ਵਿਚ ਮਦਦ ਕਰਦੇ ਹਨ। ਭਾਵੇਂ ਕਿ ਉਪਰੋਕਤ ਕਥਨ ਦਾ ਵਿਸ਼ੇਸ਼ ਸੰਬੰਧ ਲੋਕਧਾਰਾ ਦੇ ਸੰਚਾਰ ਮਾਧਿਅਮਾਂ ਨਾਲ ਹੈ ਪਰ ਇਹੋ ਗਲ ਇਸ ਵਰਤਾਰੇ ਦੇ ਇੱਕ ਪੁਖ਼ਤਾ ਮਾਧਿਅਮ ਹੋਣ ਦੀ ਸਮਰਥਾ ਨੂੰ ਵੀ ਉਭਾਰਦੀ ਹੈ। ਇੱਕ ਗੱਲ ਤਾਂ ਪੂਰੀ ਤਰ੍ਹਾਂ ਸਥਾਪਿਤ ਹੁੰਦੀ ਹੈ ਕਿ ਲੋਕਧਾਰਾ ਦਾ ਸੰਬੰਧ ਸਾਡੇ ਸਮਾਜ-ਸਭਿਆਚਾਰ ਦੇ ਇਤਿਹਾਸਕ ਸੋਮਿਆਂ ਨਾਲ ਵਧੇਰੇ ਡੂੰਘਾ ਹੈ। ਇਹੋ ਤੱਤ ਕਿਸੇ ਭੂਖੰਡ ਵਿਚ ਵਸਦੇ, ਸਮਾਨ ਕਾਰ-ਵਿਹਾਰ, ਭਾਸ਼ਾ, ਰਸਮਾਂ-ਰੀਤਾਂ, ਵਹਿਮਾਂ-ਭਰਮਾਂ, ਮਤਾਂ-ਵਿਸ਼ਵਾਸਾਂ ਨੂੰ ਮੰਨਣ ਵਾਲੇ ਬਾਸ਼ਿੰਦਿਆਂ ਦੀ ਵੱਖਰੀ ਪਛਾਣ ਨਿਰਧਾਰਿਤ ਕਰਨ ਵਾਲੇ ਤੱਤ ਵੀ ਬਣਦੇ ਹਨ। ਸਦੀਆਂ ਦੀਆਂ ਤਬਦੀਲੀਆਂ ਨੂੰ ਹੰਢਾਉਣ ਦੇ ਬਾਵਜੂਦ ਕੁਝ ਸਥਾਈ ਕਿਸਮ ਦੀਆਂ ਸਾਮੂਹਿਕ ਸਮਾਨਤਾਵਾਂ ਇੱਕ ਵਿਸ਼ੇਸ਼ ਸਮਾਜ-ਸਭਿਆਚਾਰ ਦੀ ਪਛਾਣ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਕਰਦੀਆਂ ਰਹਿੰਦੀਆਂ ਹਨ। ਦੂਜੇ ਸਭਿਆਚਾਰਾਂ ਨਾਲ ਮੇਲ-ਮਿਲਾਪ ਦੀ ਸਥਿਤੀ ਵਿਚ ਵੀ ਇਹੋ ਪਛਾਣ ਚਿਹਨ ਵਾਦ-ਵਿਵਾਦ-ਸੰਵਾਦ ਲਈ ਕਾਰਜਸ਼ੀਲ ਹੁੰਦੇ ਹਨ। ਜਿਵੇਂ ਕਿ ਡਾਨ ਬੈਨ ਅਮੋਸ–Dan Ben-Amos-ਦਾ ਕਥਨ ਹੈ:

> Folklore as a phenomenon is as integral part of that culture within which it is found and acts. When such phenomena “migrate” to other areas than that to which they first belonged, continue their existence in another epoch or become associated with other groups from the original, it will be seen that they undergo qualitative changes. These changes need not be detrimental leaving us with a proper product.[6]

ਇਸ ਤਰ੍ਹਾਂ ਦੇ ਪਰਿਵਰਤਨਸ਼ੀਲ ਸਭਿਆਚਾਰਕ ਅਮਲ ਅਤੇ ਇਸਦੇ ਪਛਾਣ ਚਿਹਨਾਂ ਦਾ ਅਧਿਐਨ ਲੋਕਧਾਰਾਈ ਸਮੱਗਰੀ ਦੀ ਮਦਦ ਨਾਲ ਵਧੇਰੇ ਸਾਰਥਕ ਸਾਬਤ ਹੋ ਸਕਦਾ ਹੈ। ਸਭਿਆਚਾਰ ਤੇ ਲੋਕਧਾਰਾ ਆਪੋ ਵਿਚ ਰਲਗੱਡ ਹੁੰਦੇ ਹਨ ਤੇ ਇਕ ਦੂਜੇ ਨੂੰ ਪਰਿਭਾਸ਼ਿਤ ਵੀ ਕਰਦੇ ਹਨ। ਇਸ ਲਈ ਸਭਿਆਚਾਰ ਦੇ ਅਧਿਐਨ ਦਾ

ਰਾਹ ਵੀ ਲੋਕਧਾਰਾ ਦੇ ਅਧਿਐਨ ਰਾਹੀਂ ਹੀ ਸਿਰੇ ਚੜ੍ਹਦਾ ਹੈ। ਦੋਹਾਂ ਪੱਧਰਾਂ ‘ਤੇ ਵਾਪਰਨ ਵਾਲੀਆਂ ਤਬਦੀਲੀਆਂ ਵਿਸ਼ੇਸ਼ ਲੋਕ-ਸਮੂਹਾਂ ਦੇ ਪਛਾਣ ਚਿਹਨਾਂ ਨੂੰ ਅਸਰ-ਅੰਦਾਜ਼ ਕਰਦੀਆਂ ਹਨ। ਅਜੋਕੇ ਸਮੇਂ ਵਿਚ ਤਬਦੀਲੀਆਂ ਸਿਰਫ ਲੋਕ-ਸਮੂਹਾਂ ਦੇ ਸਥਾਨ ਪਰਿਵਰਤਨ ਤਕ ਹੀ ਸੀਮਤ ਨਹੀਂ ਰਹੀਆਂ ਸਗੋਂ ਇੱਕ ਥਾਂ ਬੈਠਿਆਂ ਹੀ ਨਵੇਂ ਸੰਚਾਰ ਮਾਧਿਅਮਾਂ ਨੇ ਨਵੀਂ ਕਿਸਮ ਦੀਆਂ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ। ਪੰਜਾਬ ਅਤੇ ਪੰਜਾਬੀ ਦੇ ਸੰਦਰਭ ਵਿਚ ਜਦੋਂ ਅਸੀਂ ਇਸ ਨਵੇਂ ਮੀਡੀਆ ਦੇ ਲੋਕਧਾਰਾ ਦੇ ਵੱਖ-ਵੱਖ ਪਹਿਲੂਆਂ ਉਪਰ ਪੈਂਦੇ ਪ੍ਰਭਾਵਾਂ ਨੂੰ ਵਿਚਾਰਦੇ ਹਾਂ ਤਾਂ ਇਸ ਖਿੱਤੇ ਦਾ ਲੋਕਧਾਰਾਈ ਵਿਰਸਾ ਇਸ ਤਬਦੀਲੀ ਦੇ ਅਮਲ ਨੂੰ ਬਹੁਤ ਵੱਖਰੀ ਤਰ੍ਹਾਂ ਨਾਲ ਗ੍ਰਹਿਣ ਕਰਦਾ ਜਾਪਦਾ ਹੈ। ਭਾਰਤੀ ਸੰਦਰਭ ਵਿਚ ਜੇ ਹੋਰਨਾਂ ਲੋਕਧਾਰਾਈ ਸਮੂਹਾਂ ਦੀ ਤੁਲਨਾ ਵਿਚ ਗੱਲ ਕੀਤੀ ਜਾਵੇ ਤਾਂ ਪੰਜਾਬੀ ਲੋਕਧਾਰਾਈ ਵਿਰਸਾ ਆਪਣੇ ਸੁਭਾ ਅਨੁਸਾਰ ਇਸਦਾ ਪ੍ਰਤੀ-ਉੱਤਰ ਸੰਵਾਦ ਵਿਚੋਂ ਤਲਾਸ਼ਦਾ ਹੈ ਤੇ ਬਾਕੀ ਭਾਰਤੀ ਖਿੱਤਿਆਂ ਉਪਰ ਆਪਣਾ ਅਸਰ ਵੀ ਪਾਉਂਦਾ ਹੈ। ਪਰ ਜੇਕਰ ਇਸ ਅਮਲ ਨੂੰ ਤੁਲਨਾ ਵਿਚ ਨਾ ਰੱਖਕੇ ਸਮਾਨ ਪੱਧਰ ‘ਤੇ ਵਿਚਾਰਿਆ ਜਾਵੇ ਤਾਂ ਹੋਰਨਾਂ ਭਾਰਤੀ ਸਭਿਆਚਾਰਕ ਸਮੂਹਾਂ ਵਾਂਗ ਹੀ ਪੰਜਾਬੀ ਸਭਿਆਚਾਰ ਨੂੰ ਵੀ ਸਮਾਨ ਰੂਪ ਵਿਚ ਚੁਣੌਤੀਆਂ ਪੇਸ਼ ਹਨ। ਪੰਜਾਬ ਦਾ ਲੋਕਧਾਰਾਈ ਵਿਰਸਾ ਕਿਵੇਂ ਆਪਣਾ ਵੱਖਰਾਪਣ ਹਾਸਲ ਕਰਦਾ ਹੈ, ਇਸ ਤੱਥ ਦੀ ਘੋਖ ਲਈ ਸਾਨੂੰ ਇਸ ਖਿੱਤੇ ਦੀਆਂ ਇਤਿਹਾਸਕ ਗਤੀਵਿਧੀਆਂ ਨੂੰ ਨਜ਼ਰ ਵਿਚ ਰੱਖਣਾ ਪਏਗਾ।

ਪੰਜਾਬ ਦੀ ਆਬੋਹਵਾ ਦਾ ਤਾਅਲੁਕ ਇਕ ਅਜਿਹੀ ਧਰਤੀ ਨਾਲ ਹੈ ਜਿਸਦਾ ਇਤਿਹਾਸ ਸਦੀਆਂ ਪੁਰਾਣਾ ਹੈ ਅਤੇ ਸਮਾਂ ਗੁਜ਼ਰਨ ਦੇ ਨਾਲ ਨਾਲ ਹਰ ਦੌਰ ਦੀ ਕੋਈ ਨਾ ਕੋਈ ਰੰਗਤ ਅਜ ਵੀ ਪੰਜਾਬੀ ਦੇ ਕਿਰਦਾਰ ਵਿਚੋਂ ਝਲਕ ਮਾਰਦੀ ਹੈ। ਪੰਜਾਬੀ ਬੋਲੀ, ਸਾਹਿਤ ਤੇ ਸਭਿਆਚਾਰ ਦਾ ਨਿਵੇਕਲਾਪਨ ਵੀ ਪੰਜਾਬ ਦੀ ਧਰਤੀ ਦੀ ਹੀ ਉੱਪਜ ਹੈ ਤੇ ਇਹੋ ਸਾਡਾ ਲੋਕ-ਵਿਰਸਾ ਸਿਰਜਦੇ ਹਨ। ਭਾਰਤ ਦੇ ਇਸ ਭੂ-ਖੰਡ ਨੇ ਹਜ਼ਾਰਾਂ ਸਾਲਾਂ ਤੋਂ ਨਿਰੰਤਰ ਦਰਿਆਵਾਂ ਵਾਂਗ ਵਗਦੇ ਬਦਲਾਵਾਂ ਨੂੰ ਭੋਗਿਆ ਹੈ ਅਤੇ ਇਸੇ ਲਈ ਇਕ ਵੰਨਸੁਵੰਨਤਾ ਵਿਚ ਬੱਝੀ ਸਾਂਝੀਵਾਲਤਾ ਇਥੋਂ ਦੀ ਪਛਾਣ ਬਣ ਗਈ ਹੈ। ਇਹ ਕਥਨ ਕਹਿਣ ਜਾਂ ਸੁਣਨ ਵਿਚ ਬਹੁਤ ਸਰਲ ਜ਼ਰੂਰ ਜਾਪਦਾ ਹੈ ਪਰ ਇਸ ਨੇ ਜਿਨ੍ਹਾਂ ਪ੍ਰਸਥਿਤੀਆਂ ਵਿਚੋਂ ਦੀ ਲੰਘ ਕੇ ਆਕਾਰ ਲਿਆ ਹੈ ਉਹ ਆਧੁਨਿਕ ਮਾਨਵੀ ਸਭਿਅਤਾਵਾਂ ਵਿਚ ਇਕ ਮਿਸਾਲ ਹੈ। ਪੰਜਾਬ ਦੀ ਧਰਤੀ ਉੱਪਰ ਲਿਖੇ ਗਏ ਸਭ ਤੋਂ ਪੁਰਾਣੇ ਗ੍ਰੰਥ 'ਰਿਗ ਵੇਦ' ਅਤੇ ਪਾਨਣੀ ਵਰਗੇ ਮਹਾਨ ਵਿਦਵਾਨਾਂ ਦੀ ਪਛਾਣ ਨਾਲ ਜੁੜੀ ਇਹ ਥਾਂ, ਇਸ ਗੱਲ ਦੀ ਗਵਾਹ ਹੈ ਕਿ ਇਥੇ ਗਿਆਨ ਦਾ ਪ੍ਰਵਾਹ ਉਗਮਿਆ ਤੇ ਵਿਗਸਿਆ। ਸਮੁੱਚੇ ਭਾਰਤਵਰਸ਼ ਨੂੰ ਗਿਆਨ ਦੀਆਂ ਦਿਸ਼ਾਵਾਂ ਪ੍ਰਦਾਨ ਕੀਤੀਆਂ। ਜਿਨਾਂ ਹੋਰਨਾਂ ਵਿਚਾਰ-ਮਤਾਂ ਦਾ

ਰਾਹ ਇਸ ਥਾਂ ਤੋਂ ਲੰਘਿਆ, ਉਹ ਵੀ ਇਸ ਤੋਂ ਅਛੋਹ ਨਹੀਂ ਰਹੇ। ਉਨ੍ਹਾਂ ਨੇ ਵੀ ਆਪਣੀ ਪਛਾਣ ਇਥੋਂ ਉਪਜੀ ਗਿਆਨ ਪਰੰਪਰਾ ਵਿਚੋਂ ਗ੍ਰਹਿਣ ਕੀਤੀ ਜਾਂ ਫਿਰ ਇਸ ਦੇ ਪ੍ਰਤੀ-ਉੱਤਰ ਵਿਚੋਂ। ਪਰ ਨਿਰਸੰਦੇਹ ਦੋਹਾਂ ਸੂਰਤਾਂ ਵਿਚ ਹੀ ਇਸ ਖਿੱਤੇ ਦੀ ਗਿਆਨ ਪਰੰਪਰਾ ਕੇਂਦਰ ਵਿਚ ਰਹੀ ਹੈ। ਇਥੇ ਇਕ ਗੱਲ ਸਪਸ਼ਟ ਕਰਨੀ ਜ਼ਰੂਰੀ ਜਾਪਦੀ ਹੈ ਕਿ ਗਿਆਨ ਦੀ ਸਾਰੀ ਪਰੰਪਰਾ ਨਿਰੋਲ ਕਲਾਸਿਕਲ ਜਾਂ ਸੰਸਕ੍ਰਿਤ ਦੇ ਮਾਧਿਅਮ ਰਾਹੀਂ ਹੀ ਨਹੀਂ ਵਿਕਸਤ ਹੋਈ ਸਗੋਂ ਇਸ ਤੋਂ ਵੱਧ ਯੋਗਦਾਨ ਆਮ ਲੋਕਾਂ ਦੀ ਪੱਧਰ ‘ਤੇ ਚਲਦੇ ਸੰਚਾਰ ਮਾਧਿਅਮਾਂ, ਭਾਸ਼ਾ ਤੇ ਕਾਰ-ਵਿਹਾਰਾਂ ਅਤੇ ਲੋਕਮਨ ਵਿਚ ਉਸ ਗਿਆਨ ਦੀ ਪ੍ਰਵਾਨਗੀ ਤੇ ਕਿੰਤੂ-ਪਰੰਤੂ ਆਦਿ ਦਾ ਹੈ ਜਿਸ ਨੇ ਗਿਆਨ ਦੇ ਵਿਕਾਸ ਦੀ ਦਿਸ਼ਾ ਨੂੰ ਨਿਰਧਾਰਿਤ ਅਤੇ ਪ੍ਰਭਾਵਿਤ ਕੀਤਾ ਹੈ। ਇਸ ਲਈ ਇਹ ਬਹੁਤ ਸੁਭਾਵਿਕ ਗੱਲ ਹੈ ਕਿ ਅਜਿਹੀ ਸ਼ਕਤੀਸ਼ਾਲੀ ਪਰੰਪਰਾ ਦੀ ਹਮਸਫ਼ਰ ਪੰਜਾਬੀ ਲੋਕਧਾਰਾ ਅਤੇ ਇਸ ਦਾ ਸਮੁੱਚ ਪੰਜਾਬੀ ਵਿਰਸਾ, ਲੋਕ-ਸਿਆਣਪ ਦੇ ਉਨ੍ਹਾਂ ਅਮੀਰ ਤੱਤਾਂ ਨਾਲ ਭਰਪੂਰ ਹੈ ਜਿਸਦੀਆਂ ਜੜ੍ਹਾਂ ਸਮੁੱਚੇ ਭਾਰਤ ਦੀ ਪਛਾਣ ਬਣਾਉਣ ਵਾਲੀ ਗਿਆਨ ਅਤੇ ਦਰਸ਼ਨ ਦੀ ਪਰੰਪਰਾ ਵਿਚ ਪਈਆਂ ਹਨ। ਦੇਸ਼ ਵਿਚ ਚਲੀ ਭਗਤੀ ਲਹਿਰ, ਸਮੁੱਚੇ ਸੰਸਾਰ ਵਿਚ ਸਾਹਿਤ ਨੂੰ ਪ੍ਰਭਾਵਿਤ ਕਰਨ ਵਾਲੀ ਕਿਸੇ ਵੀ ਲਹਿਰ ਨਾਲੋਂ ਵੱਧ ਸਮਾਂ ਚਲੀ ਹੈ। ਕਰੀਬ ਇਕ ਹਜ਼ਾਰ ਸਾਲ ਤੋਂ ਵੀ ਵੱਧ ਸਮਾਂ ਚਲੀ ਭਗਤੀ ਲਹਿਰ ਨੇ ਸਾਡੇ ਜੀਵਨ ਦੇ ਆਚਾਰ-ਵਿਹਾਰ ਨੂੰ ਨਵਾਂ ਰੂਪ ਦਿੱਤਾ ਹੈ। ਇਸ ਲਹਿਰ ਦਾ ਪ੍ਰਭਾਵ ਪੱਛਮ ਤੋਂ ਆਏ ਸਾਮੀ-ਸਭਿਆਚਾਰਾਂ ਨੇ ਵੀ ਕਬੂਲ ਕੀਤਾ ਅਤੇ ਉਸੇ ਪ੍ਰਭਾਵ ਅਧੀਨ ਕਈ ਨਵੇਂ ਮੱਤ ਸਾਹਮਣੇ ਆਏ ਜਿਨ੍ਹਾਂ ਦਾ ਮੁੱਖ ਸਰੋਕਾਰ ਮਾਨਵੀ ਜੀਵਨ ਨੂੰ ਬਿਹਤਰ ਬਨਾਉਣਾ ਹੀ ਰਿਹਾ ਹੈ।

ਉਪਰੋਕਤ ਚਰਚਾ ਦਾ ਮਨੋਰਥ ਇਸ ਤੱਥ ਦੀ ਪੁਸ਼ਟੀ ਕਰਨਾ ਹੈ ਕਿ ਪੰਜਾਬੀ ਲੋਕਧਾਰਾ ਅਤੇ ਪੰਜਾਬੀ ਵਿਰਸਾ ਬਹੁਤ ਹੀ ਸ਼ਕਤੀਸ਼ਾਲੀ ਗੁਣਾਂ ਦੇ ਧਾਰਨੀ ਹਨ ਜਿਸਦਾ ਅਸੀਂ ਜੇਕਰ ਬਿਲਕੁਲ ਸਤਹੀ ਤੌਰ 'ਤੇ ਅਧਿਐਨ ਕਰਦੇ ਹਾਂ ਤਾਂ ਬਹੁਤ ਸੰਭਵ ਹੈ ਕਿ ਅਸੀਂ ਉਨ੍ਹਾਂ ਤੈਹਾਂ ਤਕ ਨਹੀਂ ਪਹੁੰਚ ਪਾਵਾਂਗੇ ਜਿਸਦੀ ਕਿ ਜ਼ਰੂਰਤ ਹੈ। ਇਕ ਗੱਲ ਬਹੁਤ ਸਪਸ਼ਟ ਹੈ ਕਿ ਪੰਜਾਬੀ ਲੋਕਧਾਰਾ ਅਤੇ ਪੰਜਾਬੀ ਵਿਰਸੇ ਨੂੰ ਭਾਰਤਵਰਸ਼ ਦੇ ਸਮੁੱਚੇ ਇਤਿਹਾਸਕ ਸੰਦਰਭ ਤੋਂ ਨਿਖੇੜਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਇਹ ਵੀ ਸੱਚ ਹੈ ਕਿ ਭਾਰਤੀ ਦਰਸ਼ਨ ਅਤੇ ਗਿਆਨ ਪਰੰਪਰਾ ਨੂੰ ਅਜੋਕੇ ਆਕਾਰ ਵਿਚ ਘੜਨ ਵਿਚ ਪੰਜਾਬ ਤੋਂ ਉਪਜੀਆਂ ਚਿੰਤਨ ਧਾਰਾਵਾਂ ਦਾ ਬਹੁਤ ਵੱਡਾ ਹਿੱਸਾ ਹੈ।

ਵਰਤਮਾਨ ਉੱਤਰ-ਆਧੁਨਿਕ ਯੁੱਗ ਵਿਚ ਸੰਚਾਰ ਮਾਧਿਅਮਾਂ ਦੇ ਵਿਆਪਕ ਪਾਸਾਰ ਅਤੇ ਆਲਮੀਕਰਣ ਦੇ ਬੇਕਾਬੂ ਅਮਲਾਂ ਦੇ ਅਸਰ ਹੇਠ ਵੱਧ ਰਹੇ ਅਜੋਕੇ ਨਵੇਂ ਸਮਾਜਕ-ਸਭਿਆਚਾਰਕ ਮੁੱਲਾਂ ਦੇ ਪ੍ਰਬੰਧ ਨੇ ਬਹੁਤ ਗੁੰਝਲਦਾਰ

ਚਿੰਤਨ ਨੂੰ ਸਾਹਮਣੇ ਲਿਆਂਦਾ ਹੈ। ਆਧੁਨਿਕ ਕਾਲ ਵਿਚ ਵਿਕਸਿਤ ਹੋਏ ਸਾਡੀ ਸੋਚ ਦੇ ਕਈ ਮਿਆਰਾਂ ਨੂੰ ਵਿਸਥਾਪਿਤ ਕੀਤਾ ਹੈ ਅਤੇ ਕਈਆਂ ਨੂੰ ਪੁਨਰ-ਸਥਾਪਿਤ ਕੀਤਾ ਹੈ। ਜੇਕਰ ਅਸੀਂ ਪੂਰਬ ਦੇ ਗਿਆਨ ਚਿੰਤਨ ਦੀ ਗੱਲ ਕਰਦੇ ਹਾਂ ਤਾਂ ਮੱਧਕਾਲ ਜਾਂ ਪੂਰਵ-ਆਧੁਨਿਕ ਕਾਲ ਵਿਚ ਵਿਕਸਿਤ ਹੋਇਆ ਸਾਡਾ ਦਾਰਸ਼ਨਿਕ ਅਤੇ ਧਾਰਮਿਕ ਆਸਥਾਵਾਂ ਵਾਲਾ ਚਿੰਤਨ-ਪ੍ਰਬੰਧ ਅਜੋਕੇ ਦੌਰ ਵਿਚ ਪੁਨਰ-ਸਥਾਪਤੀ ਵੱਲ ਵੱਧ ਰਿਹਾ ਹੈ। ਇਹ ਵਿਚਾਰ ਵੇਖਣ-ਸੋਚਣ ਵਿਚ ਭਾਵੇਂ ਓਪਰਾ ਜਿਹਾ ਲੱਗੇ ਪਰ ਹਕੀਕਤ ਤਾਂ ਇਹੋ ਹੈ ਕਿ ਆਲਮੀਕਰਣ ਨੇ ਜਿਸ ਰਫਤਾਰ ਨਾਲ ਮੀਡੀਏ ਨੂੰ ਘਰੋਂ ਘਰੀ ਪੁਚਾ ਦਿੱਤਾ ਹੈ, ਉਸ ਨਾਲ ਸਾਡੀਆਂ ਮੱਧਕਾਲੀਨ ਆਸਥਾਵਾਂ ਨੂੰ ਪ੍ਰਚਾਰਿਤ ਕਰਨ ਦਾ ਸੁਖਾਲਾ ਸਾਧਨ ਮਿਲ ਗਿਆ ਹੈ। ਜੋ ਵਿਸ਼ਵਾਸ ਪਰੰਪਰਾ ਸਾਨੂੰ ਲੋਕਧਾਰਾ ਰਾਹੀਂ ਅਨੁਭਵ ਹੁੰਦੀ ਰਹੀ ਸੀ ਹੁਣ ਉਹ ਮੀਡੀਏ ਦੇ ਨਵੇਂ ਸਾਧਨਾ ਰਾਹੀਂ ਹਰ ਵੇਲੇ ਪ੍ਰਾਪਤ ਹੋ ਰਹੀ ਹੈ। ਰੇਡੀਓ, ਟੀ.ਵੀ ਤੋਂ ਇਲਾਵਾ ਅਤਿ-ਵਿਕਸਿਤ ਕਿਸਮ ਦੇ ਇਲੈਕਟ੍ਰੋਨਿਕ ਗੈਜੇਟਸ ਜਿਵੇਂ ਵੀਡੀਓ ਸਟ੍ਰੀਮਿੰਗ ਵਾਲੇ ਮੋਬਾਈਲ ਫੋਨ, ਆਈ-ਫੋਨ, ਲੈਪਟਾਪ ਆਦਿ ਹਰ ਸਾਧਨ ਵਿਚ ਅਸੀਂ ਆਪਣੇ ਪਰੰਪਰਕ ਲੋਕਧਾਰਾਈ ਬਿੰਬਾਂ ਨੂੰ ਵੇਖ ਸਕਦੇ ਹਾਂ।

ਪਰੰਪਰਕ ਲੋਕ-ਗੀਤ, ਲੋਕ-ਸੰਗੀਤ, ਲੋਕ-ਨਾਚ, ਸ਼ਾਦੀ-ਵਿਆਹ ਦੇ ਪਰੰਪਰਕ ਰਸਮੋ-ਰਿਵਾਜ਼ ਆਦਿ ਸਭ ਕੁਝ ਸੁਰਜੀਤ ਹੋ ਰਿਹਾ ਲਗਦਾ ਹੈ ਭਾਵੇਂ ਕਿ ਇਸਦੇ ਪ੍ਰਗਟਾਵੇ ਦੇ ਢੰਗ-ਤਰੀਕਿਆਂ ਵਿਚ ਬਹੁਤ ਵੱਡੀ ਤਬਦੀਲੀ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਪਰ ਫਿਰ ਵੀ ਇਹ ਅਮਲ ਆਪਣੇ ਯੁੱਗ ਨਾਲ ਸੰਵਾਦ ਰਚਾਕੇ ਲੋਕਮਨ ਦਾ ਪ੍ਰਤੀ-ਉੱਤਰ ਪੈਦਾ ਕਰਨ ਦਾ ਹੈ। ਬਰਤਾਨਵੀ ਹਕੂਮਤ ਦੀਆਂ ਬਸਤੀਵਾਦੀ ਨੀਤੀਆਂ ਨੇ ਸਾਡੇ ਪਰੰਪਰਕ ਲੋਕਧਾਰਾਈ ਪ੍ਰਗਟਾਵਿਆਂ ਨੂੰ ਅਸੱਭਿਅਕ ਦਸਦਿਆਂ ਅਤੇ ਕੁਝ-ਕੁ ਸਮਾਜਿਕ ਕੁਰੀਤੀਆਂ ਦੀ ਮਿਸਾਲਾਂ ਨਾਲ ਸਾਨੂੰ ਸਾਡੇ ਵਿਸ਼ਾਲ ਸਭਿਆਚਾਰਕ ਅਤੇ ਲੋਕਧਾਰਾਈ ਵਿਰਸੇ ਤੋਂ ਬੇਮੁੱਖ ਕਰਨ ਦਾ ਜਤਨ ਕੀਤਾ ਸੀ। ਅੰਗਰੇਜ਼ੀ ਸਿਖਿਆ ਹਾਸਲ ਕਰਨ ਵਾਲੇ ਨਵੇਂ ਵਰਗ ਦੀ ਸੋਚ ਨੇ ਭਾਰਤੀ ਦਰਸ਼ਨ ਅਤੇ ਧਰਮ ਚਿੰਤਨ ਦੀਆਂ ਵਿਕਸਿਤ ਪਰੰਪਰਾਵਾਂ ਨੂੰ ਵੀ ਪਿੱਛੇ ਧੱਕਣ ਵਿਚ ਮਦਦ ਕੀਤੀ। ਅਜਿਹੀ ਸਥਿਤੀ ਦਾ ਲਾਭ ਸਿਰਫ ਬਸਤੀਵਾਦੀ ਤਾਕਤਾਂ ਨੂੰ ਹੀ ਮਿਲਦਾ ਹੈ। ਇਸੇ ਲਈ ਸਥਾਨਿਕ ਸਭਿਆਚਾਰਾਂ ਦੀ ਵੰਨਸੁਵੰਨਤਾ ਦੀ ਥਾਂ ਇਕ ਆਲਮੀ ਕਿਸਮ ਦੇ ਸਭਿਆਚਾਰ ਜਾਂ ਸਮਾਜਕ ਪ੍ਰਬੰਧ ਦੀ ਸੱਤਾ ਸਥਾਪਿਤ ਕਰਨ ਦਾ ਰਾਹ ਖੁਲ੍ਹਦਾ ਹੈ। ਆਧੁਨਿਕਤਾ ਦਾ ਨਜ਼ਰੀਆ ਵੱਖਰਤਾਵਾਂ ਨੂੰ ਦਬਾਉਣ ਵੱਲ ਰੁਚਿਤ ਰਿਹਾ ਸੀ ਇਸ ਲਈ ਆਧੁਨਿਕਤਾ ਦੇ ਦੌਰ ਵਿਚ ਕਈ ਸਭਿਅਤਾਵਾਂ ਦੇ ਗੁੰਮ ਹੋ ਜਾਣ ਦਾ ਖਦਸ਼ਾ ਪੈਦਾ ਹੋ ਗਿਆ ਸੀ। ਕਈ ਬੋਲੀਆਂ, ਲੋਕਪਰੰਪਰਾਵਾਂ, ਵਿਸ਼ਵਾਸ-ਪ੍ਰਬੰਧਾਂ, ਲੋਕ-ਪ੍ਰਗਟਾਵਿਆਂ ਦੀ ਹੋਂਦ ਨੂੰ ਵੀ ਖਤਰਾ ਨਜ਼ਰ ਆਉਣ

ਲੱਗਾ ਸੀ। ਆਧੁਨਿਕਤਾਵਾਦ ਦੇ ਅਜਿਹੇ ਹੋਰ ਕਈ ਲੱਛਣ ਹਨ ਜਿਸਦੇ ਪ੍ਰਤੀ-ਉੱਤਰ ਵਿਚ ਉੱਤਰ-ਆਧੁਨਿਕ ਸੋਚ ਪੈਦਾ ਹੋਣੀ ਸ਼ੁਰੂ ਹੁੰਦੀ ਹੈ।

ਉੱਤਰ-ਆਧੁਨਿਕਤਾ ਦਾ ਵਾਸਤਾ ਜੀਵਨ ਦੇ ਹਰ ਉਸ ਖੇਤਰ ਨਾਲ ਜੁੜਦਾ ਹੈ ਜਿਸਦੀ ਬੁਨਿਆਦ ਵਿਚ ਮਾਨਵਤਾ ਦੇ ਮੂਲ ਪ੍ਰਸ਼ਨ ਪਏ ਹਨ। ਲੋਕਧਾਰਾ ਵੀ ਮਾਨਵੀ ਸਮਾਜ ਦੀ ਸਿਆਣਪ ਨੂੰ ਨਿਰੰਤਰ ਗਤੀਮਾਨ ਰੱਖਣ ਦਾ ਹੀ ਵਸੀਲਾ ਹੈ। ਆਧੁਨਿਕਤਾ ਨੇ ਇਸਦੇ ਵਹਾਅ ਵਿਚ ਜੋ ਰੁਕਾਵਟ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ ਉਹ ਉੱਤਰ-ਆਧੁਨਿਕ ਚਿੰਤਨ ਵਿਚੋਂ ਪੈਦਾ ਹੋਈਆਂ ਨਵੀਨ ਜੀਵਨ-ਦ੍ਰਿਸ਼ਟੀਆਂ ਰਾਹੀਂ ਦੂਰ ਹੋਣੀਆਂ ਸ਼ੁਰੂ ਹੋਈਆਂ। ਭਾਰਤ ਵਿਚ ਆਧੁਨਿਕਤਾ ਦੀ ਸਥਿਤੀ ਕੁਝ ਵੱਖਰੀ ਰਹੀ ਸੀ ਕਿਉਂਕਿ ਇਸਦਾ ਆਰੰਭ ਅਤੇ ਪਸਾਰ ਇਥੋਂ ਦੇ ਜੀਵਨ ਅਨੁਭਵ ਵਿਚੋਂ ਨਹੀਂ ਹੋਇਆ। ਭਾਰਤ ਵਿਚ ਇਸਦੀ ਆਮਦ ਬਸਤੀਵਾਦੀ ਪਸਾਰ ਦੇ ਇਕ ਸੰਦ ਵਜੋਂ ਹੀ ਹੋਈ। ਇਥੋਂ ਦੇ ਆਮ ਜੀਵਨ ਵਿਚ ਲੋਕਧਾਰਾਈ ਪੱਧਰ 'ਤੇ ਮਧਕਾਲੀ ਸੋਚ ਵੀ ਪੂਰੀ ਤਰ੍ਹਾਂ ਭਾਰੂ ਰਹੀ ਹੈ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਪੁਰਾਤਨਤਾ ਅਤੇ ਨਵੀਨਤਾ ਦੋਵੇਂ ਸਮਾਨਾਂਤਰ ਚਲਦੇ ਰਹੇ ਹਨ। ਇਸੇ ਕਾਰਣ ਇਥੋਂ ਦਾ ਸੰਗੀਤ ਜਾਂ ਲੋਕ-ਕਲਾਵਾਂ ਵਿੱਸਰੀਆਂ ਨਹੀਂ ਸਗੋਂ ਅਜੋਕੇ ਸਮੇਂ ਵਿਚ ਫਿਊਜ਼ਨ ਦੇ ਰੂਪ ਵਿਚ ਆਪਣੀ ਪਛਾਣ ਦਰਜ ਕਰਵਾ ਰਹੀਆਂ ਹਨ। ਆਧੁਨਿਕਤਾ ਨੇ ਲੋਕ-ਗੀਤ-ਸੰਗੀਤ, ਲੋਕ-ਪਹਿਰਾਵਿਆਂ ਅਤੇ ਖਾਣ-ਪਾਣ ਦੀਆਂ ਆਦਤਾਂ ਨੂੰ ਦਬਾਇਆ ਤਾਂ ਉੱਤਰ ਆਧੁਨਿਕਤਾ ਨੇ ਇਸ ਦੇਸੀ ਅਤੇ ਲੋਕ ਵਿਰਸੇ ਦੀ ਅਹਿਮੀਅਤ ਨੂੰ ਫਿਰ ਤੋਂ ਪਛਾਣਿਆ ਹੈ ਅਤੇ ਵੰਨ-ਸੁਵੰਨਤਾ ਨੂੰ ਤਰਜੀਹ ਦਿਤੀ ਹੈ। ਅਜੋਕੇ ਸਮੇਂ ਦਾ ਦੌਰ ਭਾਵੇਂ ਅਤਿ-ਵਿਕਸਿਤ ਅਤੇ ਬੇਕਾਬੂ ਪੂੰਜੀਵਾਦ ਦਾ ਦੌਰ ਹੈ ਪਰ ਇਸ ਪੂੰਜੀਵਾਦ ਨੇ ਆਪਣੇ ਵਿਕਾਸ ਲਈ ਜੱਦ ਦੇਸ਼ਾਂ ਦੀਆਂ ਸਰਹੱਦਾਂ ਤੋਂ ਪਾਰ ਜਾਣ ਅਤੇ ਹੋਰਨਾਂ ਥਾਵਾਂ 'ਤੇ ਮੰਡੀਆਂ ਸਥਾਪਿਤ ਕਰਨ ਦਾ ਅਮਲ ਸ਼ੁਰੂ ਕੀਤਾ ਤਾਂ ਇਸਨੂੰ ਸਭ ਤੋਂ ਪਹਿਲਾਂ ਆਧੁਨਿਕਤਾਵਾਦੀ ਸੋਚ ਦੀ ਕਈ ਸਥਾਪਨਾਵਾਂ ਨੂੰ ਤੋੜਨਾ ਪਿਆ। ਗਰੀਬ ਦੇਸ਼ਾਂ ਦੇ ਸ਼ਹਿਰਾਂ-ਪਿੰਡਾਂ ਦੇ ਆਮ ਲੋਕਾਂ ਤੱਕ ਆਪਣੀ ਪਹੁੰਚ ਕਾਇਮ ਕਰਨ ਲਈ, ਉਨ੍ਹਾਂ ਦੇ ਸਥਾਨਕ ਵਿਰਸੇ ਦੀ ਮਦਦ ਲੈਣੀ ਪਈ। ਇਸ ਵੇਲੇ ਪਾਰ-ਰਾਸ਼ਟਰੀ ਕੰਪਨੀਆਂ ਆਪਣਾ ਸਮਾਨ ਵੇਚਣ ਲਈ ਕਿਸੇ ਵੀ ਪਿੰਡ ਦੇ ਖੂਹ ਵਿਚੋਂ ਸੋਫਟ-ਡ੍ਰਿੰਕ ਦੀਆਂ ਬੋਤਲਾਂ ਗੇੜਨ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਲੋਕ-ਪਹਿਰਾਵਿਆਂ ਨੂੰ ਵੱਡੇ ਤੋਂ ਵੱਡੇ ਫੈਸ਼ਨ ਪ੍ਰੋਗਰਾਮਾਂ ਵਿਚ ਪੇਸ਼ ਕਰਕੇ, ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਣ ਦੀ ਮਜਬੂਰੀ ਨੇ, ਗੁੰਮ ਹੋ ਰਹੇ ਹੋਰ ਵੀ ਕਈ ਕਿਸਮ ਦੇ ਲੋਕ- ਵਰਤੋਂ ਵਿਹਾਰਾਂ ਨੂੰ ਸਾਂਭ ਲਿਆ ਹੈ। ਅੱਜਕਲ ਟੀ.ਵੀ. ਦੇ ਹਰ ਚੈਨਲ ਉੱਪਰ ਆਉਣ ਵਾਲੇ ਤਕਰੀਬਨ ਹਰ ਸੀਰੀਅਲ ਵਿਚ ਸਥਾਨਕ

ਸਭਿਆਚਾਰਕ ਮੁੱਲਾਂ ਦੀ ਹੀ ਨੁਮਾਇਸ਼ ਹੋ ਰਹੀ ਹੈ। ਪੂਰੇ ਦੇਸ਼ ਨੂੰ ਕਿਸੇ ਇਕ ਜ਼ੁਬਾਨ ਜਾਂ ਚਰਿੱਤਰ ਵਿਚ ਬੰਨ੍ਹਣ ਦੇ ਜਤਨਾਂ ਨੂੰ ਠੱਲ ਪਈ ਹੈ। ਕੰਪੀਊਟਰ ਹੁਣ ਹਰ ਭਾਸ਼ਾ ਨੂੰ ਵਰਤਣ ਦੀ ਸਮਰੱਥਾ ਰੱਖਦਾ ਹੈ ਅਤੇ ਦੂਰ ਦਰਾੜੇ ਦੇਸ਼ਾਂ ਵਿਚ ਬੈਠੇ ਪੰਜਾਬੀ ਭਾਈਚਾਰੇ ਨੂੰ ਹੁਣ ਪਹਿਲੇ ਵਰਗੇ ਉਦਰੇਵੇਂ ਦਾ ਸ਼ਿਕਾਰ ਨਹੀਂ ਹੋਣਾ ਪੈਂਦਾ। ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਹੋਏ ਜਾਂ ਫਿਰ ਮੋਬਾਇਲ, ਇੰਟਰਨੈੱਟ ਉੱਪਰ ਹਰ ਦਿਨ ਮਿਲਣ ਵਾਲੀਆਂ ਸਾਰੀਆਂ ਖਬਰਾਂ, ਇਨ੍ਹਾਂ ਸੰਚਾਰ ਸਾਧਨਾਂ ਨੇ ਲੋਕਾਂ ਨੂੰ ਲੋਕਧਾਰਾਈ ਵਿਰਸੇ ਨਾਲ ਜੋੜੇ ਰਹਿਣ ਵਿਚ ਮਦਦ ਕੀਤੀ ਹੈ।

ਸਾਡਾ ਲੋਕਧਾਰਾਈ ਵਿਰਸਾ ਬਹੁਤਾ ਕਰਕੇ ਧਰਮ-ਦਰਸ਼ਨ ਦੀਆਂ ਵਿਸ਼ਵਾਸ ਪਰੰਪਰਾਵਾਂ ਨਾਲ ਗਤੀਮਾਨ ਰਿਹਾ ਹੈ। ਅਜੋਕੇ ਸਮੇਂ ਵਿਚ ਵੀ ਇਸਦਾ ਸਰੂਪ ਅਤੇ ਸੰਭਾਲ ਆਧੁਨਿਕਤਾ ਦੇ ਦੌਰ ਨੂੰ ਲੰਘਦਿਆਂ ਅਤੇ ਉੱਤਰ-ਆਧੁਨਿਕ ਦ੍ਰਿਸ਼ਟੀਕੋਣ ਦੀ ਪੁਸ਼ਟੀ ਕਰਦਿਆਂ, ਧਰਮ ਅਤੇ ਦਰਸ਼ਨ ਦੀ ਵਿਸ਼ਵਾਸ ਪਰੰਪਰਾ ਤੋਂ ਹੀ ਪ੍ਰੇਰਿਤ ਹੈ। ਪੱਛਮ ਵਿਚ ਆਧੁਨਿਕ ਯੁੱਗ ਦੇ ਅਰੰਭ ਨੇ ਜਦ ਧਰਮ-ਦਰਸ਼ਨ ਦੀ ਥਾਂ ਨਿਰੋਲ ਵਿਗਿਆਨ ਦੀ ਅਗੁਆਈ ਨੂੰ ਕਬੂਲ ਕੀਤਾ ਤਾਂ ਉਸ ਵੇਲੇ ਭਾਰਤ ਅਤੇ ਪੰਜਾਬ ਵਿਚ ਭਗਤੀ ਲਹਿਰ ਨੇ ਮੂਲ ਮਾਨਵੀ ਸਰੋਕਾਰਾਂ ਨੂੰ ਧਰਮ-ਦਰਸ਼ਨ ਦੀ ਪਿਠਭੂੰਮੀ ਵਿਚ ਰੱਖਕੇ ਹੀ ਵੇਖਣ ਦਾ ਉਪਰਾਲਾ ਕੀਤਾ। ਵਿਗਿਆਨ ਦੀ ਇੱਕਹਰੀ ਦ੍ਰਿਸ਼ਟੀ ਨੇ ਸੰਸਾਰਕ ਤਰੱਕੀ ਨੂੰ ਨਵੀਂ ਗਤੀ ਦਿੱਤੀ ਪਰ ਮਾਨਵ-ਜੀਵਨ ਦੇ ਮੂਲ ਦਾਰਸ਼ਿਨਕ ਸਰੋਕਾਰਾਂ ਤੋਂ ਦੂਰ ਕਰ ਦਿੱਤਾ। ਫਲਸਰੂਪ ਦੁਨੀਆਭਰ ਵਿਚ ਇਹੋ ਜਿਹੀਆਂ ਵਿਸ਼ਵਾਸ ਪਰੰਪਰਾਵਾਂ ਉੱਪਰ ਆਧਾਰਿਤ ਗਿਆਨ ਦੇ ਦ੍ਰਿਸ਼ਟੀ-ਬਿੰਦੂਆਂ ਨੂੰ ਢਾਹ ਲੱਗੀ ਤੇ ਨਾਲ ਹੀ ਇਨ੍ਹਾਂ ਪਰੰਪਰਾਵਾਂ ਉੱਪਰ ਟਿਕਿਆ ਲੋਕਧਾਰਈ ਵਿਰਸਾ ਲੋਕਾਂ ਦੇ ਜੀਵਨ ਵਿਚੋਂ ਧੁੰਦਲਾ ਪੈਣ ਲੱਗਾ ਸੀ।

ਨਵੀਆਂ ਚਿੰਤਨ-ਵਿਧੀਆਂ ਨੇ ਬੇਸ਼ੱਕ ਆਮ ਲੋਕਾਂ ਅੰਦਰ ਚੇਤਨਾ ਜਗਾਈ ਹੈ ਪਰ ਨਵੇਂ ਮੀਡੀਆ ਦੀ ਵਿਆਪਕ ਪਹੁੰਚ ਦਾ ਉਪਯੋਗ ਜਿਨਾਂ ਤਾਕਤਾਂ ਦੇ ਹੱਥ ਵਿਚ ਹੈ ਉਹਨਾਂ ਦਾ ਮਨੋਰਥ ਨਵ-ਪੂੰਜੀਵਾਦ ਦੀ ਮਦਦ ਲਈ ਖਪਤਕਾਰੀ ਸਭਿਆਚਾਰ ਨੂੰ ਵਿਕਸਤ ਕਰਨ ਦਾ ਹੈ ਜਿਸ ਲਈ ਹਰ ਸ਼ੈਅ ਵਰਤਣ-ਖਰੀਦਣ ਯੋਗ ਹੈ। ਇਸ ਖਰੀਦ-ਫ਼ਰੋਖ਼ਤ ਲਈ ਮਨੁੱਖੀ ਆਚਾਰ-ਵਿਹਾਰ ਨੂੰ ਬਦਲਣ ਦਾ ਅਮਲ ਚਲ ਰਿਹਾ ਹੈ। ਸਾਡੇ ਆਚਾਰ-ਵਿਹਾਰ ਨੂੰ ਚਲਾਉਣ ਵਾਲੇ ਪਰੰਪਰਕ ਸਾਧਨਾਂ ਨੂੰ ਵੀ ਖਪਤਕਾਰੀ ਪਸਾਰ ਲਈ ਵਰਤਿਆ ਜਾ ਰਿਹਾ ਹੈ। ਇਸਦਾ ਦਖ਼ਲ ਬਹੁਤ ਡੂੰਘਾ ਹੁੰਦਾ ਜਾ ਰਿਹਾ ਹੈ। ਹਰ ਸ਼ੈਅ, ਹਰ ਵਰਤਾਰੇ ਨੂੰ ਵਸਤੂ ਬਣਾਕੇ ਉਸਦੀ ਉਪਯੋਗਤਾ ਸਥਾਪਿਤ ਕੀਤੀ ਜਾਂਦੀ ਹੈ ਤੇ ਕਿਸੇ ਐਕਸਪਾਇਰੀ ਡੇਟ ਦੇ ਖ਼ਤਮ ਹੋਣ ਵਾਂਗ ਫਿਰ ਉਸਨੂੰ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ। ਇਹ ਵਿਵਹਾਰ ਸਾਡੀ ਰੋਜ਼ਮੱਰਾ ਦੀਆਂ ਆਦਤਾਂ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਸਾਡੇ ਵਰਤਮਾਨ ਨੂੰ ਚਲਾਉਣ ਵਾਲੀਆਂ

ਨਵੀਨ-ਪੂੰਜੀਵਾਦੀ ਤਾਕਤਾਂ ਭਾਵੇਂ ਸਾਡੇ ਵਿਰਸੇ ਨੂੰ ਆਪਣੇ ਮਾਇਕ-ਲਾਭ ਲਈ ਹੀ ਵਰਤ ਰਹੀਆਂ ਹੋਣ ਪਰ ਇਸਦਾ ਦੂਜੈਲਾ ਪ੍ਰਭਾਵ ਸਾਨੂੰ ਸਾਡੇ ਲੋਕਧਾਰਾਈ ਵਿਰਸੇ ਦੀ ਸੰਭਾਲ ਪ੍ਰਤੀ ਵਧੇਰੇ ਜਾਗਰੂਕ ਕਰ ਰਿਹਾ ਹੈ। ਟੀ.ਵੀ. ਚੈਨਲਾਂ ਉੱਪਰ ਵਿਖਾਇਆ ਜਾਣ ਵਾਲਾ ਪੰਜਾਬੀ ਸਭਿਆਚਾਰ ਦਾ ਰੂਪ ਭਾਵੇਂ ਸਾਡੀ ਪਰੰਪਰਕ ਸੋਚ ਨੂੰ ਪਰੇਸ਼ਾਨ ਕਰਦਾ ਹੋਵੇ ਪਰ ਇਸ ਵਰਤਾਰੇ ਵਿਚ ਪੰਜਾਬੀ ਸਭਿਆਚਾਰ ਦਾ ਮੂਲ ਕਿਰਦਾਰ ਵਿਗੜ ਨਹੀਂ ਸਕਦਾ ਕਿਉਂਕਿ ਇਹ ਤਾਂ ਨਿੱਤ ਤਬਦੀਲ ਹੁੰਦਾ ਰਿਹਾ ਹੈ ਅਤੇ ਹਰ ਵਾਰ ਆਪਣੀ ਪਛਾਣ ਹੋਰਨਾਂ ਸਭਿਆਚਾਰਾਂ ਉੱਪਰ ਪ੍ਰਵਾਨ ਕਰਵਾਈ ਹੈ।

---

1 Boggs, Ralph Steele: *Folklore-Material, science,art,* Folklore: Critical concepts in literary and cultural studies VOl. I (ed.) Alan Dundes, Routledge, 2005 pp3

2 ਬੇਦੀ, ਸੋਹਿੰਦਰ ਸਿੰਘ: *ਲੋਕਧਾਰਾ ਦਾ ਮਹੱਤਵ,* ਲੋਕਯਾਨ ਅਧਿਐਨ, (ਸੰ) ਕਰਨੈਲ ਸਿੰਘ ਥਿੰਦ, ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ, 1994, ਪੰਨਾ-23

3 ਉਹੀ, ਪੰਨਾ, 30-31

4 ਗੁਰਬਖ਼ਸ਼ ਸਿੰਘ ਪ੍ਰੀਤਲੜੀ: *ਪ੍ਰਧਾਨਗੀ ਭਾਸ਼ਣ*, ਲੋਕਯਾਨ ਅਧਿਐਨ, (ਸੰ) ਕਰਨੈਲ ਸਿੰਘ ਥਿੰਦ, ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ, 1994, ਪੰਨਾ-62.

5 Parmar, Shyam: *Traditional Folk Media in India,* Research Press, Delhi. 1994. pp15

6 Dan Ben-Amos, *Towards a Definitionof Folklore in Context (Journal of the Folklore Institute, VI), 1969, pp.5-19*